**ਡਾਇਰੈਕਟੋਰੇਟ ਆਫ਼ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**
**ਐਟ ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼ - 8, ਐਸ.ਏ.ਐਸ. ਨਗਰ,**
**(ਦਫ਼ਤਰੀ ਅਮਲਾ ਸ਼ਾਖਾ)**

**ਵੈਬਸਾਈਟ / ਈਮੇਲ**

ਵੱਲ :-

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ),
ਪੰਜਾਬ।

ਮੀਮੋ ਨੰ -838993 2025 54187
ਮਿਤੀਃ ਐਸ ਏ ਐਸ ਨਗਰ 25-02-2025

ਵਿਸ਼ਾ ੦ঃ- ਕਲਰਕਾਂ, ਡਾਟਾ ਐਂਟਰੀ ਅਪ੍ਰੇਟਰਾਂ ਅਤੇ ਸੇਵਾਦਵਾਰ ਦੀਆਂ ਆਰਜੀਆਂ ਡਿਊਟੀ ਸਬੰਧੀ ਵਾਇਰਲ ਹੋ ਰਹੇ ਜਾਅਲੀ ਆਰਡਰਾਂ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਫੀਲਡ ਵਿੱਚ ਕਲਰਕਾਂ, ਡਾਟਾ ਐਂਟਰੀ ਅਪ੍ਰੇਟਰਾਂ ਅਤੇ ਸੇਵਾਦਾਰ ਦੀਆਂ ਆਰਜੀਆਂ ਡਿਊਟੀ ਸਬੰਧੀ ਵੱਖ-2 ਹੁਕਮ (ਨੱਥੀ) ਵਾਇਰਲ ਹੋ ਰਹੇ ਹਨ, ਜੋ ਕਿ ਜਾਅਲੀ ਹਨ। ਇਹ ਹੁਕਮ ਵਿਭਾਗ ਵੱਲੋਂ ਜਾਰੀ ਨਹੀਂ ਕੀਤੇ ਗਏ । ਇਸ ਤੋਂ ਇਲਾਵਾ ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਈ ਜਿਲ੍ਹਾ ਦਫ਼ਤਰਾਂ ਅਤੇ ਸਕੂਲ ਪ੍ਰਿੰਸੀਪਲਾਂ ਵੱਲੋਂ ਇਨ੍ਹਾਂ ਹੁਕਮਾਂ ਵਿੱਚ ਦਰਜ ਕਰਮਚਾਰੀਆਂ ਨੂੰ ਹਾਜਰ ਕਰਵਾਇਆ ਜਾ ਰਿਹਾ ਹੈ।

ਉਕਤ ਦੇ ਸਨਮੁੱਖ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਜਾਅਲੀ ਹੁਕਮਾਂ ਵਿਰੁੱਧ ਕਿਸੇ ਵੀ ਕਰਮਚਾਰੀ ਨੂੰ ਹਾਜਰ ਨਾ ਕਰਵਾਇਆ ਜਾਵੇ ਅਤੇ ਭਵਿੱਖ ਵਿੱਚ ਯਕੀਨੀ ਬਣਾਇਆ ਜਾਵੇ ਕਿ ਖੇਤਰੀ ਦਫ਼ਤਰਾਂ ਅਧੀਨ ਕੰਮ ਕਰਦੇ ਕਰਮਚਾਰੀਆਂ ਦੀਆਂ ਆਰਜੀ ਡਿਊਟੀਆਂ ਅਤੇ ਨਵੀਂ ਨਿਯੁਕਤੀ ਸਬੰਧੀ ਵਿਭਾਗ ਵੱਲੋਂ ਜਾਰੀ ਹੋਣ ਵਾਲੇ ਹੁਕਮ ਵਿਭਾਗ ਦੀ ਆਫਿਸੀਅਲ ਈਮੇਲ ਰਾਹੀਂ ਪ੍ਰਾਪਤ ਹੋਣ ਤੇ ਹੀ ਇਨ੍ਹਾਂ ਹੁਕਮਾਂ ਦੀ ਪਾਲਣਾ ਹਿੱਤ ਕਾਰਵਾਈ ਆਰੰਭੀ ਜਾਵੇ।

**ਸਹਾਇਕ ਡਾਇਰੈਕਟਰ ਸਕੂਲ ਐਜੂਕੇਸ਼ਨ (ਦਅ)**

ਪਿੱਠ ਅੰਕਣ ਨੰ; ਉਕਤ 2025 54188 ਮਿਤੀ ੦ঃ- ਐਸ ਏ ਐਸ ਨਗਰ 25-02-2025

ਉਪਰੋਕਤ ਦਾ ਉਤਾਰਾ ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਭਵਿੱਖ ਵਿੱਚ ਵਿਭਾਗ ਵੱਲੋਂ ਕਰਮਚਾਰੀਆਂ ਦੀਆਂ ਆਰਜੀ ਡਿਊਟੀਆਂ ਅਤੇ ਨਵੀਂ ਨਿਯੁਕਤੀ ਸਬੰਧੀ ਜਾਰੀ ਹੋਣ ਵਾਲੇ ਹੁਕਮ ਤੇ ਜਿਲ੍ਹਾ ਸਿੱਖਿਆ ਅਫ਼ਸਰ ਦੇ ਦਫ਼ਤਰ ਦੀ ਇੰਡੋਰਸਮੈਂਟ ਤੋਂ ਬਿਨਾਂ ਕੋਈ ਵੀ ਕਾਰਵਾਈ ਨਾ ਕੀਤੀ ਜਾਵੇ

**ਸਹਾਇਕ ਡਾਇਰੈਕਟਰ ਸਕੂਲ ਐਜੂਕੇਸ਼ਨ (ਦਅ)**